[This question paper contains 2 printed pages.]

**Sr. No. of Question Paper : 6409** **G** **Your Roll No................**

Unique Paper Code : 212162

Name of the Paper : Qualifying (Punjabi Lower)

Name of the Course : **B.A. (Hons.)**

Semester : I

Duration : 3 Hours Maximum Marks : 100

**Instructions for Candidates**

1. Write your Roll No. on the top immediately on receipt of this question paper.

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. 'ਕਥਾ ਕਹਾਣੀ' ਪੁਸਤਕ ਵਿਚ ਪੇਸ਼ ਕਿਸੇ **ਇਕ** ਕਹਾਣੀ ਦੀ ਸਮੱਸਿਆ ਉਪਰ ਆਪਣੇ ਵਿਚਾਰ ਪੇਸ਼ ਕਰੋ। **20**

ਜਾਂ

'ਕਥਾ-ਕਹਾਣੀ' ਪੁਸਤਕ ਦੀ ਭੂਮਿਕਾ ਵਿਚ ਪੇਸ਼ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

2. ਹੇਠ ਲਿਖੇ ਕਹਾਣੀਕਾਰਾਂ ਵਿਚੋਂ ਕਿਸੇ **ਇਕ** ਨਾਲ ਜਾਣ-ਪਛਾਣ ਕਰਾਉ : **10**

ੳ. ਸੰਤ ਸਿੰਘ ਸੇਖੋਂ

ਅ. ਕਰਤਾਰ ਸਿੰਘ ਦੁੱਗਲ

ੲ. ਅਜੀਤ ਕੌਰ

ਜਾਂ

ਨਿੱਕੀ ਕਹਾਣੀ ਬਾਰੇ ਸੰਖੇਪ ਵਿਚ ਚਰਚਾ ਕਰੋ।

3. ਹੇਠ ਲਿਖੇ ਸ਼ਬਦਾਂ ਦਾ ਪੰਜਾਬੀ ਵਿਚ ਅਨੁਵਾਦ ਕਰੋ : **15**

Language, Literature, Prose, Poetry, Novel, Drama, Fiction, Grammar, Symbol Image, Action, Culture, Criticism, Theme, Stage.

4. ਸੂਚਨਾ-ਤਕਨਾਲੋਜੀ ਤੋਂ ਕੀ ਭਾਵ ਹੈ ? ਅਜ ਦੇ ਯੁੱਗ ਵਿਚ ਇਸ ਦਾ ਕੀ ਮਹੱਤਵ ਹੈ ? **20**

ਜਾਂ

ਇੰਟਰਨੈਟ ਦੀ ਦੁਰਵਰਤੋਂ 'ਤੇ ਚਰਚਾ ਕਰੋ।

5. ਤੁਹਾਡੀ ਕਾਲੋਨੀ ਵਿਚ ਅਵਾਰਾ ਪਸ਼ੂਆਂ ਦੀ ਬਹੁਤ ਸਮੱਸਿਆ ਹੈ। ਇਸ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਇਕ ਚਿੱਠੀ ਲਿਖੋ। **15**

ਜਾਂ

ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਇਕ ਪੱਤਰ ਲਿਖੋ।

*P.T.O.*

6. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਉੱਤੇ ਪੈਰਾ ਲਿਖੋ : 10

   i. ਹੰਕਾਰਿਆ ਸੋ ਮਾਰਿਆ

   ii. ਕਿਤਾਬਾਂ ਦਾ ਮਹੱਤਵ

   iii. ਮੋਬਾਇਲ ਦੀ ਦੁਰਵਰਤੋਂ

   iv. ਸਿਨੇਮਾ ਦਾ ਜ਼ਿੰਦਗੀ 'ਤੇ ਪ੍ਰਭਾਵ

7. ਹੇਠ ਲਿਖੇ ਪੈਰੇ ਨੂੰ ਸੰਖੇਪ ਕਰ ਕੇ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਉ : 10

   ਆਪਣੇ ਆਪ ਨੂੰ ਅਗਾਂਹ ਵਧੂ ਕਹਿਣ ਵਾਲੇ ਕਈ ਪੰਜਾਬੀ ਘਰਾਂ ਵਿਚ ਪੱਛਮੀ ਸਭਿਅਤਾ ਦਾ ਬੋਲ ਬਾਲਾ ਹੈ। ਘਰ ਦੇ ਸਾਰੇ ਜੀਅ ਬੱਚਿਆਂ ਤੋਂ ਲੈ ਕੇ ਬੁਢਿਆਂ ਤਕ ਅੰਗ੍ਰੇਜ਼ੀ ਵਿਚ ਹੀ ਗਲਬਾਤ ਕਰਦੇ ਹਨ। ਪੰਜਾਬੀ ਬੋਲਣ ਵਿਚ ਉਹ ਆਪਣੀ ਹੇਠੀ ਸਮਝਦੇ ਹਨ। ਇਥੇ ਇਸ਼ਾਰਾ ਕੇਵਲ ਪੰਜਾਬੀ ਭਾਸ਼ਾ ਵਲ ਹੀ ਨਹੀਂ ਸਗੋਂ ਸੰਬੰਧਿਤ ਵਿਅਕਤੀ ਦੀ ਮਾਤ-ਭਾਸ਼ਾ ਵਲ ਹੈ। ਮਾਤ-ਭਾਸ਼ਾ ਉਹ ਭਾਸ਼ਾ ਹੈ ਜਿਹੜੀ ਇਕ ਵਿਅਕਤੀ ਆਪਣੀ ਮਾਂ ਦੇ ਦੁੱਧ ਨਾਲ ਸਿਖਦਾ ਹੈ। ਉਹ ਕਿੰਨੀਆਂ ਵੀ ਬੋਲੀਆਂ ਕਿਉਂ ਨਾ ਸਿਖ ਲਵੇ ਪਰ ਦਿਲ ਦੀ ਗੱਲ ਮਾਤ-ਭਾਸ਼ਾ ਵਿਚ ਹੀ ਚੰਗੀ ਤਰ੍ਹਾਂ ਕਰ ਸਕਦਾ ਹੈ।